PUNJAB VIDHAN SABHA

DEBATES

Monday, the 17th December, 2012

Vol. III-No. 1

OFFICIAL REPORT

CONTENTS

Punjab Vidhan Sabha Secretariat, Chandigarh.

Price : Rs.________

PUNJAB VIDHAN SABHA

Monday, the 17th December, 2012

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2:00 P.M. Mr. Speaker (Doctor Charnjit Singh Atwal) in the Chair.

OBITUARY REFERENCES

ਮਾਨਯੋਗ ਸਪੀਕਰ : ਅਕਾਲ ਚਲਾਣਿਆਂ ਦਾਂ ਵਰਨਣ । ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ । ਅੱਜ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ । ਮੈਂ ਪੰਜਾਬ ਦੇ ਮਹਾਨ ਸਪੂਤ ਸ਼੍ਰੀ ਇੰਦਰ ਕੁਮਾਰ ਗੁਜਰਾਲ ਜੀ, ਸਾਬਕਾ ਪ੍ਰਧਾਨ ਮੰਤਰੀ ਨੂੰ ....

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ ....

Mr. Speaker : No, This is not the time. please sit down. ਸਾਬਕਾ ਪ੍ਰਧਾਨ ਮੰਤਰੀ ਜੀ ਜੋ ਇਸ ਫਾਨੀ ਸੰਸਾਰ ਨੂੰ ਮਿਤੀ 30 ਨਵੰਬਰ, 2012 ਨੂੰ ਅਲਵਿਦਾ ਕਹਿ ਗਏ ਹਨ । ਮੈਂ ਇਸ ਅਕਾਲ ਚਲਾਣੇ ਤੇ ਡੂੰਘੇ ਦੁੱਖ ਅਤੇ ਗਮ ਦਾ ਇਜ਼ਹਾਰ ਕਰਦਾ ਹਾਂ । ਉਨ੍ਹਾਂ ਦਾ ਜਨਮ ਮਿਤੀ 4 ਦਸੰਬਰ, 1919 ਨੂੰ ਜੇਹਲਮ (ਪਾਕਿਸਤਾਨ) ਵਿਖੇ ਹੋਇਆ । ਉਹ ਚੜ੍ਹਦੀ ਉਮਰ ਵਿਚ ਹੀ ਦੇਸ਼ ਦੀ ਅਜ਼ਾਦੀ ਦੇ ਸ਼ੰਘਰਸ਼ ਵਿਚ ਸ਼ਾਮਲ ਹੋ ਗਏ ਸਨ ਅਤੇ ਉਹ ਸਾਲ 1942 ਵਿਚ ਭਾਰਤ ਛੱਡੋ ਅੰਦੋਲਨ ਵਿਚ ਜੇਲ੍ਹ ਗਏ । ਉਹ 3 ਵਾਰ ਰਾਜ ਸਭਾ ਦੇ ਮੈਂਬਰ ਬਣੇ ਅਤੇ ਦੋ ਵਾਰ ਲੋਕ ਸਭਾ ਲਈ ਮੈਂਬਰ ਚੁਣੇ ਗਏ । ਉਹ ਕੇਂਦਰ ਸਰਕਾਰ ਵਿਚ ਕਈ ਵਾਰ ਰਾਜ ਮੰਤਰੀ ਅਤੇ ਕੈਬਨਿਟ ਮੰਤਰੀ ਵੀ ਰਹੇ । ਉਨ੍ਹਾਂ ਨੇ ਮਿਤੀ 21-4-1997 ਨੂੰ ਭਾਰਤ ਦੇ 12ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ । ਉਹ ਸੋਵੀਅਤ ਯੂਨੀਅਨ ਵਿਚ ਭਾਰਤ ਦੇ ਰਾਜਦੂਤ ਵੀ ਰਹੇ । ਸ਼੍ਰੀ ਗੁਜਰਾਲ ਦਾ ਪਿਛੋਕੜ ਇਤਿਹਾਸ ਦੀ ਇਕ ਅਹਿਮ ਘਟਨਾ ਬਣ ਚੁੱਕੀ ਹੈ ਕਿਉਂਕਿ ਉਹ ਇਕ ਐਸੀ ਮਹਾਨ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਇਤਿਹਾਸ ਨੂੰ ਸਿਰਜਿਆ । ਸ਼੍ਰੀ ਗੁਜਰਾਲ ਨੂੰ ਯਾਦ ਕਰਨ ਨਾਲ ਸਾਡੇ ਮਨਾਂ ਵਿਚ ਇਤਿਹਾਸ ਦੇ ਉਹ ਪਲ ਵੀ ਸੁਰਜੀਤ ਹੁੰਦੇ ਰਹਿਣਗੇ ਜਿਨ੍ਹਾਂ ਨਾਲ ਸ਼੍ਰੀ ਗੁਜਰਾਲ ਦਾ ਸਬੰਧ ਰਿਹਾ ਹੈ । ਸ਼੍ਰੀ ਗੁਜਰਾਲ ਇਕ ਸਟੇਟਸਮੈਨ, ਡਿਪਲੋਮੈਟ, ਬੁੱਧੀਜੀਵੀ, ਸਿਆਸਤਦਾਨ, ਲੇਖਕ ਅਤੇ ਸੁਹਿਰਦ ਇਨਸਾਨ ਸਨ । ਉਨ੍ਹਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਸਲਿਆਂ ਦੀ ਡੂੰਘੀ ਸਮਝ ਸੀ । ਉਹ ਸਾਰੀ ਉਮਰ ਸਮਾਜਿਕ ਸਰੋਕਾਰਾਂ ਨਾਲ ਜੁੜੇ ਰਹੇ । ਇੰਨੀ ਖੁਸ਼ਬੂਦਾਰ ਗੁਣਾਂ ਵਾਲੀ ਸ਼ਖ਼ਸੀਅਤ ਉੱਤੇ ਸਾਰੇ ਦੇਸ਼ ਨੂੰ, ਖਾਸ ਕਰਕੇ ਪੰਜਾਬੀਆਂ ਨੂੰ ਮਾਣ ਹੈ । ਪੰਜਾਬ ਦੇ ਮਸਲਿਆਂ ਤੇ ਉਨ੍ਹਾਂ ਦੀ ਭੂਮਿਕਾ ਬਹੁਤ ਹੀ ਸ਼ਲਾਘਾਯੋਗ ਰਹੀ ਹੈ । ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ ।

[ਮਾਨਯੋਗ ਸਪੀਕਰ]

ਚੀਫ ਜਸਟਿਸ (ਰਿਟਾਇਰਡ) ਸ਼੍ਰੀ ਐਸ.ਐਸ. ਕੰਗ, ਸਾਬਕਾ ਰਾਜਪਾਲ ਕੇਰਲਾ ਵੀ ਸਾਨੂੰ ਮਿਤੀ 12 ਅਕਤੂਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 15 ਮਈ, 1931 ਨੂੰ ਹੋਇਆ । ਉਹ ਕੇਰਲਾ ਰਾਜ ਦੇ 14ਵੇਂ ਰਾਜਪਾਲ ਸਨ । ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਬਾਰ ਐਸੋਸੀਏਸ਼ਨ ਦੇ ਉਪ-ਪ੍ਰਧਾਨ ਰਹੇ ਅਤੇ ਉਨ੍ਹਾਂ ਨੇ ਬਤੌਰ ਡਿਪਟੀ ਐਡਵੋਕੇਟ ਜਨਰਲ, ਪੰਜਾਬ ਦੀ ਸੇਵਾ ਨਿਭਾਈ । ਉਹ ਸਾਲ 1979 ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਬਣੇ ਅਤੇ 10 ਸਾਲਾਂ ਤੋਂ ਬਾਅਦ ਜੰਮੂ-ਕਸ਼ਮੀਰ ਹਾਈ ਕੋਰਟ ਦੇ ਚੀਫ ਜਸਟਿਸ ਬਣੇ । ਉਹ 1993 ਵਿਚ ਦਿੱਲੀ ਵਿਖੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਵੀ ਰਹੇ ।

ਸਰਦਾਰ ਦਾਰਾ ਸਿੰਘ, ਰੁਸਤਮ-ਏ-ਹਿੰਦ ਅਤੇ ਸਾਬਕਾ ਐਮ.ਪੀ. ਵੀ ਮਿਤੀ 12 ਜੁਲਾਈ, 2012 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 19 ਨਵੰਬਰ, 1928 ਨੂੰ ਪਿੰਡ ਧਰਮੂਚੱਕ, ਅੰਮ੍ਰਿਤਸਰ ਵਿਖੇ ਹੋਇਆ । ਉਨ੍ਹਾਂ ਦਾ ਪੂਰਾ ਨਾਮ ਸ੍ਰੀ ਦੀਦਾਰ ਸਿੰਘ ਰੰਧਾਵਾ ਸੀ । ਉਹ ਸਾਲ 1968 ਵਿਚ ਫਰੀ ਸਟਾਈਲ ਕੁਸ਼ਤੀ ਦੇ ਵਿਸ਼ਵ ਚੈਂਪੀਅਨ ਬਣੇ ਅਤੇ 1983 ਵਿਚ ਉਨ੍ਹਾਂ ਨੇ ਕੁਸ਼ਤੀ ਤੋਂ ਸੰਨਿਆਸ ਲੈ ਲਿਆ । ਉਹ ਸਾਲ 2002 ਤੋਂ ਲੈ ਕੇ 2009 ਤੱਕ ਰਾਜ ਸਭਾ ਦੇ ਮੈਂਬਰ ਵੀ ਰਹੇ । ਉਨ੍ਹਾਂ ਨੇ ਹਿੰਦੀ ਅਤੇ ਪੰਜਾਬੀ ਫ਼ਿਲਮਾਂ ਤੋਂ ਇਲਾਵਾ ਦੂਰਦਰਸ਼ਨ ਦੇ ਕਈ ਸੀਰੀਅਲਾਂ ਵਿਚ ਵੀ ਕੰਮ ਕੀਤਾ ।

ਸ੍ਰੀ ਰਾਜੇਸ਼ ਖੰਨਾ ਜੀ, ਪ੍ਰਸਿੱਧ ਕਲਾਕਾਰ ਅਤੇ ਸਾਬਕਾ ਐਮ.ਪੀ. ਵੀ ਸਾਨੂੰ ਮਿਤੀ 18 ਜੁਲਾਈ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 19 ਨਵੰਬਰ, 1942 ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ । ਉਨ੍ਹਾਂ ਦਾ ਅਸਲੀ ਨਾਮ ਜਤਿੰਨ ਖੰਨਾ ਸੀ । ਉਹ ਬਾਲੀਵੁੱਡ ਅਦਾਕਾਰ ਸਨ । ਉਨ੍ਹਾਂ ਨੇ ਕਈ ਹਿੰਦੀ ਫ਼ਿਲਮਾਂ ਵਿਚ ਕੰਮ ਕੀਤਾ ਅਤੇ ਉਨ੍ਹਾਂ ਦੀ ਪਹਿਲੀ ਫ਼ਿਲਮ "ਆਖਰੀ ਖੱਤ" ਸਾਲ 1966 ਵਿਚ ਰੀਲੀਜ਼ ਹੋਈ । ਉਨ੍ਹਾਂ ਨੂੰ 3 ਵਾਰ ਫ਼ਿਲਮ ਫੇਅਰ ਬੈਸਟ ਐਕਟਰ ਅਤੇ ਫ਼ਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ । ਉਹ ਸਾਲ 1992 ਤੋਂ 1996 ਤੱਕ ਸੰਸਦ ਦੇ ਮੈਂਬਰ ਵੀ ਰਹੇ ।

ਜਥੇਦਾਰ ਜੋਰਾ ਸਿੰਘ ਭਾਗੀਕੇ, ਸਾਬਕਾ ਐਮ.ਐਲ.ਏ. ਵੀ ਸਾਨੂੰ ਮਿਤੀ 10 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 9 ਨਵੰਬਰ, 1927 ਨੂੰ ਪਿੰਡ ਭਾਗੀਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਖੇ ਹੋਇਆ । ਉਹ ਦੋ ਵਾਰ ਸੰਨ 1985 ਅਤੇ 2002 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਹਲਕਾ ਨਿਹਾਲ ਸਿੰਘ ਵਾਲਾ (ਰਿਜ਼ਰਵ) ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ ਅਤੇ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੀ ਆਸ਼ਵਾਸਨ ਕਮੇਟੀ ਦੇ ਮੈਂਬਰ ਵਜੋਂ ਸੇਵਾ ਵੀ ਨਿਭਾਈ । ਉਹ ਸਰਕਲ ਅਕਾਲੀ ਜੱਥਾ, ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਵੀ ਰਹੇ । ਉਹ ਇੱਕ ਉੱਘੇ ਸਮਾਜਸੇਵੀ ਸਨ ਅਤੇ ਉਨ੍ਹਾਂ ਨੇ ਕਮਜ਼ੋਰ ਵਰਗਾਂ ਨੂੰ ਉਪਰ ਚੁੱਕਣ ਅਤੇ ਆਪਣੇ ਹਲਕੇ ਦੀ ਤਰੱਕੀ ਲਈ ਖ਼ੂਬ ਕੰਮ ਕੀਤਾ ।

ਸਰਦਾਰ ਮਲਕੀਤ ਸਿੰਘ ਜੀ ਕੀਤੂ, ਸਾਬਕਾ ਐਮ.ਐਲ.ਏ. ਵੀ ਸਾਨੂੰ ਮਿਤੀ 19 ਅਕਤੂਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 2 ਜਨਵਰੀ, 1949 ਨੂੰ ਪਿੰਡ ਬਿਲਾਸਪੁਰ, ਜ਼ਿਲ੍ਹਾ ਮੋਗਾ ਵਿਖੇ ਹੋਇਆ । ਉਹ ਸਾਲ 1997 ਵਿਚ ਅਜ਼ਾਦ ਉਮੀਦਵਾਰ ਵਜੋਂ ਹਲਕਾ ਬਰਨਾਲਾ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਉਹ ਸਾਲ 2002 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਹਲਕਾ ਬਰਨਾਲਾ ਤੋਂ ਹੀ ਮੁੜ ਵਿਧਾਇਕ ਚੁਣੇ ਗਏ । ਉਹ ਪੰਜਾਬ ਵਿਧਾਨ ਸਭਾ ਦੇ ਲੋਕ ਲੇਖਾ ਕਮੇਟੀ ਦੇ ਮੈਂਬਰ ਵੀ ਰਹੇ । ਉਹ ਪੰਜਾਬ ਟਰੱਕ ਓਪਰੇਟਰ ਯੂਨੀਅਨ ਦੇ ਪ੍ਰਧਾਨ ਤੇ ਉੱਘੇ ਸਮਾਜ ਸੇਵੀ ਸਨ । ਉਨ੍ਹਾਂ ਨੇ ਆਪਣੇ ਹਲਕੇ ਦੀ ਤਰੱਕੀ ਲਈ ਪ੍ਰਸ਼ੰਸਾਯੋਗ ਕੰਮ ਕੀਤਾ ।

ਇਸੇ ਤਰ੍ਹਾਂ ਹੀ, ਨਾਮਧਾਰੀ ਸੰਪਰਦਾਇ ਦੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਵੀ ਸਾਨੂੰ 13 ਦਸੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1920 ਵਿਚ ਪਿੰਡ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ । ਉਹ 92 ਸਾਲਾਂ ਦੇ ਸਨ । ਉਨ੍ਹਾਂ ਨੂੰ 22 ਅਗਸਤ, 1959 ਨੂੰ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਪ੍ਰਦਾਇ ਦੇ ਸਤਿਗੁਰੂ ਥਾਪਿਆ ਗਿਆ । ਉਨ੍ਹਾਂ ਨੇ ਪੂਰੀ ਮਨੁੱਖਤਾ ਦਾ ਮਾਰਗ ਦਰਸ਼ਨ ਕੀਤਾ । ਉਨ੍ਹਾਂ ਨੇ ਭੈਣੀ ਸਾਹਿਬ ਵਿਖੇ ਨਾਮਧਾਰੀ ਖੇਡ ਅਕਾਦਮੀ ਸਥਾਪਤ ਕੀਤੀ । ਉਹ ਸੰਗੀਤ ਦੇ ਉਪਾਸ਼ਕ ਸਨ । ਉਨ੍ਹਾਂ ਨੇ ਭੈਣੀ ਸਾਹਿਬ ਵਿਖੇ ਕਈ ਸੰਗੀਤ ਸੰਮੇਲਨ ਕਰਵਾਏ ਸਨ । ਉਹ ਇੱਕ ਮਹਾਨ ਸਮਾਜ ਸੁਧਾਰਕ ਸਨ ਅਤੇ ਉਨ੍ਹਾਂ ਨੇ ਭਰੂਣ ਹੱਤਿਆ, ਦਹੇਜ ਪ੍ਰਥਾ ਅਤੇ ਨਸ਼ਿਆਂ ਵਿਰੁੱਧ ਆਵਾਜ਼ ਉਠਾਈ । ਉਨ੍ਹਾਂ ਨੂੰ ਗੋਪਾਲ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ । ਉਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਅਤੇ ਪੰਜਾਬੀ ਸਾਹਿਤ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਯੋਗਦਾਨ ਪਾਇਆ ।

ਸ਼੍ਰੀ ਬਾਲ ਠਾਕਰੇ ਜੀ, ਸ਼ਿਵ ਸੈਨਾ ਸੁਪਰੀਮੋ ਵੀ ਸਾਨੂੰ ਮਿਤੀ 17 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ 86 ਸਾਲਾਂ ਦੇ ਸਨ । ਉਹ ਮਹਾਂਰਾਸ਼ਟਰ ਰਾਜ ਨਾਲ ਸਬੰਧਤ ਸਨ ਅਤੇ ਉਨ੍ਹਾਂ ਨੇ ਸੰਨ 1966 ਵਿਚ ਸ਼ਿਵ ਸੈਨਾ ਦੀ ਸਥਾਪਨਾ ਕੀਤੀ । ਉਨ੍ਹਾਂ ਦਾ ਮਹਾਂਰਾਸ਼ਟਰ ਦੀ ਸਿਆਸਤ ਵਿਚ ਅਹਿਮ ਰੋਲ ਸੀ । ਉਨ੍ਹਾਂ ਨੇ ਆਪਣਾ ਜੀਵਨ ਕਾਰਟੂਨਿਸਟ ਵਜੋਂ ਸ਼ੁਰੂ ਕੀਤਾ ਅਤੇ ਬਾਅਦ ਵਿਚ ਉਹ ਸਰਗਰਮ ਰਾਜਨੀਤੀ ਵਿਚ ਸ਼ਾਮਲ ਹੋ ਗਏ । ਉਨ੍ਹਾਂ ਨੇ ਸਪਤਾਹਿਕ ਮੈਗਜ਼ੀਨ 'ਮਾਰਮਿਕ' ਅਤੇ 'ਸਾਮਨਾ' ਅਖ਼ਬਾਰ ਸ਼ੁਰੂ ਕੀਤਾ । ਉਨ੍ਹਾਂ ਦੇ ਦੁਖਦਾਇਕ ਸਦੀਵੀ ਵਿਛੋੜੇ ਨਾਲ ਦੇਸ਼ ਇੱਕ ਉੱਘੇ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ।

ਸਰਦਾਰ ਮਾਨ ਸਿੰਘ ਮਨਹੇੜਾ, ਇੱਕ ਉਘੇ ਸਿਆਸਤਦਾਨ ਸਨ, ਉਹ ਵੀ ਸਾਨੂੰ ਮਿਤੀ 15 ਅਗਸਤ, 2012 ਨੂੰ ਸਦੀਵੀ ਵਿਛੋੜਾ ਦੇ ਗਏ ਸਨ । ਉਹ 55 ਸਾਲ ਦੇ ਸਨ । ਉਹ ਬਹੁਜਨ ਸਮਾਜ ਪਾਰਟੀ ਦੇ ਜਨਰਲ ਸਕੱਤਰ ਸਨ ਅਤੇ ਉਨ੍ਹਾਂ ਨੇ ਦਲਿਤਾਂ ਦੀ ਭਲਾਈ ਲਈ ਵੱਧ-ਚੜ੍ਹ ਕੇ ਕੰਮ ਕੀਤਾ । ਉਹ ਚੰਡੀਗੜ੍ਹ ਅਤੇ ਹਰਿਆਣਾ ਰਾਜ ਦੇ ਬਹੁਜਨ ਸਮਾਜ ਪਾਰਟੀ ਦੇ ਇੰਚਾਰਜ ਸਨ ।

[ਮਾਨਯੋਗ ਸਪੀਕਰ]

ਇਨ੍ਹਾਂ ਤੋਂ ਇਲਾਵਾ ਜਥੇਦਾਰ ਜਗਮੇਲ ਸਿੰਘ ਬੂਹੀ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 9 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1925 ਵਿਚ ਲੁਧਿਆਣਾ ਵਿਖੇ ਹੋਇਆ । ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਵੀ ਯੋਗਦਾਨ ਪਾਇਆ । ਅਜ਼ਾਦੀ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਪਿੰਡ ਬੂਹੀ ਵਿਚ ਜ਼ਮੀਨ ਅਲਾਟ ਕੀਤੀ ਗਈ । ਉਹ ਪੈਪਸੂ ਸਟੇਟ ਦੇ ਜਥੇਦਾਰ ਬਣੇ ਅਤੇ ਉਹ ਸਾਲ 1961-62 ਤੱਕ ਪਿੰਡ ਬੂਹੀ ਦੇ ਪੰਚਾਇਤ ਮੈਂਬਰ ਵੀ ਰਹੇ ।

ਸਰਦਾਰ ਸਾਧੂ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 21 ਜੁਲਾਈ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 1 ਮਈ, 1922 ਨੂੰ ਪਿੰਡ ਲੁਹਾਰ ਮਾਜਰਾ ਖੁਰਦ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਹੋਇਆ । ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਯੋਗਦਾਨ ਪਾਇਆ ।

ਸਰਦਾਰ ਗੁਰਚਰਨ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 1 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1924 ਵਿਚ ਪਿੰਡ ਬਰਗਾੜੀ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ । ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਪਾਇਆ ।

ਸਰਦਾਰ ਪ੍ਰੀਤਮ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 9 ਅਗਸਤ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ 90 ਸਾਲਾਂ ਦੇ ਸਨ । ਉਨ੍ਹਾਂ ਨੇ ਸੱਤਿਆਗ੍ਰਹਿ ਮੂਵਮੈਂਟ ਵਿਚ ਹਿੱਸਾ ਲਿਆ ਅਤੇ ਦੇਸ਼ ਦੀ ਅਜ਼ਾਦੀ ਲਈ ਯੋਗਦਾਨ ਵੀ ਪਾਇਆ ।

ਸਰਦਾਰ ਨਰਿੰਦਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 2 ਜੂਨ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ 71 ਸਾਲਾਂ ਦੇ ਸਨ । ਉਨ੍ਹਾਂ ਨੇ ਅਜ਼ਾਦੀ ਦੇ ਸੰਘਰਸ਼ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ।

ਸ਼੍ਰੀ ਪ੍ਰਭਾ ਰਾਮ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 4 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1922 ਵਿਚ ਪਿੰਡ ਗੱਗੜ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ । ਉਹ ਸਾਲ 1939 ਵਿਚ ਅੰਗਰੇਜ਼ ਫ਼ੌਜ ਵਿਚ ਬਤੌਰ ਸਿਪਾਹੀ ਭਰਤੀ ਹੋਏ ਅਤੇ ਉਸ ਤੋਂ ਬਾਅਦ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਅਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਗਏ । ਉਹ ਦੇਸ਼ ਦੀ ਅਜ਼ਾਦੀ ਲਈ ਅੰਗਰੇਜ਼ ਸਰਕਾਰ ਵਿਰੁੱਧ ਲੜੇ । ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਵੱਲੋਂ ਚਿੱਟਗਾਉਂ, ਬੰਗਲਾਦੇਸ਼ ਵਿਖੇ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਸੀ।

ਸਰਦਾਰ ਕਰਤਾਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 10 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1921 ਵਿਚ ਪਿੰਡ ਖੰਗਵਾੜੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ । ਉਨ੍ਹਾਂ ਨੇ ਭਾਰਤੀ ਫ਼ੌਜ ਵਿਚ ਸੇਵਾ ਕੀਤੀ ਅਤੇ ਉਹ ਸਾਲ 1941 ਤੋਂ 1946 ਤੱਕ ਸਿੰਘਾਪੁਰ ਅਤੇ ਮਲਾਇਆ ਦੀਆਂ ਜੇਲ੍ਹਾਂ ਵਿਚ ਕੈਦ ਰਹੇ ।

ਸਰਦਾਰ ਮੁਖਤਿਆਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 19 ਅਕਤੂਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ 18 ਜੂਨ, 1911 ਨੂੰ ਪਿੰਡ ਨਾਗੋਕੇ, ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ । ਉਹ 26 ਸਾਲ ਦੀ ਉਮਰ ਵਿਚ ਫ਼ੌਜ ਵਿਚ ਭਰਤੀ ਹੋਏ ਅਤੇ ਸਾਲ 1942 ਵਿਚ ਅਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਗਏ । ਉਨ੍ਹਾਂ ਨੂੰ ਸਾਬਕਾ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਤਾਮਰ-ਪੱਤਰ ਨਾਲ ਸਨਮਾਨਿਤ ਵੀ ਕੀਤਾ ਗਿਆ ।

ਸਰਦਾਰ ਮੋਹਿੰਦਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 13 ਸਤੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਾਰਚ, 1912 ਨੂੰ ਗੁੱਜਰਾਂਵਾਲਾ, ਪਾਕਿਸਤਾਨ ਵਿਖੇ ਹੋਇਆ । ਉਹ 15 ਸਾਲ ਦੀ ਉਮਰ ਵਿਚ ਅਜ਼ਾਦੀ ਦੇ ਸੰਘਰਸ਼ ਵਿਚ ਸ਼ਾਮਲ ਹੋਏ । ਉਨ੍ਹਾਂ ਨੇ ਸਾਈਮਨ ਕਮਿਸ਼ਨ ਦਾ ਡੱਟ ਕੇ ਵਿਰੋਧ ਕੀਤਾ ।

ਸਰਦਾਰ ਦਵਿੰਦਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 7 ਸਤੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 24 ਨਵੰਬਰ, 1923 ਨੂੰ ਪਿੰਡ ਜਰਗ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ । ਉਨ੍ਹਾਂ ਨੇ ਅਜ਼ਾਦੀ ਦੇ ਸੰਘਰਸ਼ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ।

ਸਰਦਾਰ ਫੌਜਾ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 5 ਅਕਤੂਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 16 ਮਾਰਚ, 1929 ਨੂੰ ਹੋਇਆ। ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ । ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਵਿਚ ਆਪਣਾ-ਆਪਣਾ ਯੋਗਦਾਨ ਪਾਇਆ ਹੈ । ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਨਿੱਘ ਅਤੇ ਆਨੰਦ ਮਾਣ ਰਹੇ ਹਾਂ ਅਤੇ ਅਸੀਂ ਕਦੇ ਵੀ ਉਨ੍ਹਾਂ ਨੂੰ ਭੁਲਾ ਨਹੀਂ ਸਕਦੇ ।

ਇਨ੍ਹਾਂ ਤੋਂ ਇਲਾਵਾ ਸਰਵਸ਼੍ਰੀ ਜਸਪਾਲ ਸਿੰਘ ਭੱਟੀ, ਪ੍ਰਸਿੱਧ ਕਾਰਟੂਨਿਸਟ ਅਤੇ ਕਮੇਡੀਅਨ, ਸ਼੍ਰੀ ਏ. ਕੇ. ਹੰਗਲ ਉੱਘੇ ਆਰਟਿਸਟ, ਸ਼੍ਰੀ ਯਸ਼ ਚੋਪੜਾ, ਪ੍ਰਸਿੱਧ ਡਾਇਰੈਕਟਰ, ਪ੍ਰੋਡਿਊਸਰ ਅਤੇ ਫ਼ਿਲਮ ਮੇਕਰ, ਸ਼੍ਰੀ ਹਾਕਮ ਸੂਫੀ, ਉੱਘੇ ਪੰਜਾਬੀ ਸੂਫੀ ਗਾਇਕ, ਸ਼੍ਰੀ ਅਵਤਾਰ ਜੰਡਿਆਲਵੀ ਪ੍ਰਸਿੱਧ ਪੰਜਾਬੀ ਲਿਖਾਰੀ, ਸ਼ਾਇਰ ਸਰੋਦ ਸੁਦੀਪ, ਪ੍ਰਸਿੱਧ ਪੰਜਾਬੀ ਸ਼ਾਇਰ, ਸ਼੍ਰੀ ਅਜਾਇਬ ਸਿੰਘ ਚਿੱਤਰਕਾਰ, ਉੱਘੇ ਸ਼ਾਇਰ ਅਤੇ ਕਵੀ, ਸਰਦਾਰ ਸਤਵੰਤ ਸਿੰਘ

[ਮਾਨਯੋਗ ਸਪੀਕਰ]

ਕਾਲੇਕਾ, ਯੂ.ਐਸ.ਏ. ਦੇ ਪ੍ਰਸਿੱਧ ਵਪਾਰੀ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ, ਜਥੇਦਾਰ ਦਿਲਬਾਗ ਸਿੰਘ ਜੀ ਸਾਬਕਾ ਮੈਂਬਰ ਐਸ.ਜੀ.ਪੀ.ਸੀ., ਬੀਬੀ ਹਰਬੰਸ ਕੌਰ ਸੁਖਾਣਾ ਮੈਂਬਰ, ਐਸ.ਜੀ.ਪੀ.ਸੀ., ਪੰਡਿਤ ਰਵੀ ਸ਼ੰਕਰ ਉੱਘੇ ਸਿਤਾਰ ਵਾਦਕ ਅਤੇ ਸ੍ਰੀ ਸਰਵਣ ਕੁਮਾਰ ਵਰਮਾ ਪ੍ਰਸਿੱਧ ਉਰਦੂ ਸਾਹਿਤਕਾਰ ਇਹ ਸਾਰੇ ਹੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਮਾਜ ਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹੀਏ, ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ । ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਇਨ੍ਹਾਂ ਸ਼ਖ਼ਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ ।....

ਸ਼੍ਰੀ ਬ੍ਰਹਮ ਮਹਿੰਦਰਾ (ਪਟਿਆਲਾ ਦਿਹਾਤੀ) : ਸਪੀਕਰ ਸਾਹਿਬ, ਪਿਛਲੀ ਸੱਤ ਤਰੀਕ ਨੂੰ ਇਕ ਫਰੀਡਮ ਫਾਈਟਰ ਦਾ ਨਿਧਨ ਹੋਇਆ ਹੈ । ਸਟੇਟ ਆਨਰ ਦੇ ਨਾਲ ਇਨ੍ਹਾਂ ਦਾ ਕ੍ਰਿਮੇਸ਼ਨ ਹੋਇਆ ਹੈ । ਉਨ੍ਹਾਂ ਦਾ ਨਾਂ ਸ਼ੋਕ ਮਤੇ ਵਿਚ ਇਨਕਲੂਡ ਹੋਣ ਤੋਂ ਰਹਿ ਗਿਆ ਹੈ। ਉਨ੍ਹਾਂ ਦਾ ਨਾਂ ਹੈ ਸ਼੍ਰੀ ਰਾਮ ਮੂਰਤੀ ਵੜੇਰਾ । ਇਨ੍ਹਾਂ ਨਾਲ ਸਬੰਧਤ ਕਾਗਜ਼ ਮੈਂ ਤੁਹਾਡੇ ਕੋਲ ਭਿਜਵਾ ਰਿਹਾ ਹਾਂ । ਇਨ੍ਹਾਂ ਦਾ ਨਾਂ ਵੀ ਇਸ ਮਤੇ ਵਿਚ ਸ਼ਾਮਲ ਕਰ ਲਿਆ ਜਾਵੇ ।

ਮਾਨਯੋਗ ਸਪੀਕਰ : ਠੀਕ ਹੈ ਜੀ । ਤੁਸੀਂ ਆਪਣੇ ਕਾਗਜ਼ ਭਿਜਵਾ ਦਿਓ ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਸ਼੍ਰੀਮਤੀ ਅੰਮ੍ਰਿਤਾ ਚੌਧਰੀ ਜੋ ਕਿ ਇਕ ਪ੍ਰਸਿੱਧ ਪੱਤਰਕਾਰ ਸਨ, ਉਹ ਵੀ ਪਿਛਲੇ ਦਿਨੀਂ ਸਵਰਗਵਾਸ ਹੋ ਗਏ ਹਨ, ਉਨ੍ਹਾਂ ਦਾ ਨਾਂ ਵੀ ਇਸ ਸ਼ੋਕ ਮਤੇ ਵਿਚ ਸ਼ਾਮਲ ਕਰ ਲਿਆ ਜਾਵੇ ਜੀ ।

ਸਰਦਾਰ ਚਰਨਜੀਤ ਸਿੰਘ ਚੰਨੀ : ** ** **

ਮਾਨਯੋਗ ਸਪੀਕਰ : ਮੈਂ ਕਿਹਾ ਜੀ, ਤੁਸੀਂ ਬੈਠੋ, ਪਲੀਜ਼ ਸਿਟ ਡਾਊਨ । ਨਹੀਂ ਨਹੀਂ, ਜਿਹੜਾ ਹੋ ਸਕਦਾ ਹੈ ਉਹ ਮੈਂ ਕਰ ਲੈਂਦਾ ਹਾਂ । ਉਸ ਵਿਚ ਮੈਨੂੰ ਕੋਈ ਇਤਰਾਜ਼ ਨਹੀਂ ਹੁੰਦਾ । ਇਹ ਇੰਪਲਾਈ ਹੈ ਜੀ । ਇਸ ਦਾ ਹੋ ਨਹੀਂ ਸਕਦਾ ।

** Not recorded as ordered by the Chair.

(ਇਸ ਵੇਲੇ ਵੀ ਸਰਦਾਰ ਚਰਨਜੀਤ ਸਿੰਘ ਚੰਨੀ ਬਿਨਾਂ ਆਗਿਆ ਤੋਂ ਬੋਲ ਰਹੇ ਸਨ ।)

ਮਾਨਯੋਗ ਸਪੀਕਰ : ਨਹੀਂ ਜੀ, ਚੰਨੀ ਸਾਹਿਬ please sit down. ਜਦੋਂ ਮੈਂ ਕਿਹਾ ਹੈ ਕਿ ਇਹ ਨਹੀਂ ਹੋ ਸਕਦਾ । ਇਸ ਲਈ ਕ੍ਰਿਪਾ ਕਰਕੇ ਤੁਸੀਂ ਬੈਠ ਜਾਓ । ਇੰਪਲਾਈ ਦਾ ਨਹੀਂ ਹੋ ਸਕਦਾ । ਜਿਹੜਾ ਹੋ ਸਕਦਾ ਹੈ ਉਹ ਮੈਂ ਆਟੋਮੈਟਿਕਲੀ ਕਰ ਲੈਂਦਾ ਹੁੰਦਾ ਹਾਂ । Please sit down. ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸ਼ੋਕ ਪ੍ਰਸਤਾਵ ਵਿਛੜੀਆਂ ਸਾਰੀਆਂ ਰੂਹਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ । ...... (ਵਿਘਨ).......... ਨਹੀਂ ਜੀ । Please sit down........(ਵਿਘਨ)

(ਇਸ ਵੇਲੇ ਵੀ ਸਰਦਾਰ ਚਰਨਜੀਤ ਸਿੰਘ ਚੰਨੀ ਬਿਨਾਂ ਆਗਿਆ ਤੋਂ ਬੋਲ ਰਹੇ ਸਨ ।)

ਮਾਨਯੋਗ ਸਪੀਕਰ : ਇਹ** ਕੁਝ ਵੀ ਰਿਕਾਰਡ ਨਾ ਕੀਤਾ ਜਾਵੇ । ਮੇਰੇ ਕੋਲ ਤੁਹਾਡੇ ਤੋਂ ਪਹਿਲਾਂ ਹੀ ਸਰਦਾਰ ਗੁਲਜ਼ਾਰ ਸਿੰਘ ਰਣੀਕੇ ਵੱਲੋਂ ਇੱਕ ਨਾਂ ਆਇਆ ਹੈ, ਉਹ ਵੀ ਮੈਂ ਡਿਸਅਲਾਓ ਕਰ ਦਿੱਤਾ ਹੈ । ਇੰਪਲਾਈ ਦਾ ਨਹੀਂ ਹੋ ਸਕਦਾ । Please sit down. ਜਿਹੜੇ-ਜਿਹੜੇ ਹੋ ਸਕਦੇ ਹਨ, ਉਹ ਮੈਂ ਆਪ ਹੀ ਅਲਾਓ ਕਰ ਦਿੰਦਾ ਹਾਂ । ਜਿਹੜਾ ਨਹੀਂ ਹੋ ਸਕਦਾ, ਉਹ ਨਹੀਂ ਹੋ ਸਕਦਾ । Silence please.......... (ਵਿਘਨ)......... ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ ।

(ਆਵਾਜ਼ਾਂ : ਹਾਂ ਜੀ, ਹਾਂ ਜੀ ।)

ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿਚ ਦੋ ਮਿੰਟ ਦਾ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ ।

(ਇਸ ਸਮੇਂ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਖੜ੍ਹੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ ।)

ਮਾਨਯੋਗ ਸਪੀਕਰ : ਹੁਣ ਸਦਨ ਮੰਗਲਵਾਰ, ਮਿਤੀ 18 ਦਸੰਬਰ, 2012 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ ।

*2.21 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਮੰਗਲਵਾਰ, ਮਿਤੀ 18 ਦਸੰਬਰ, 2012 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

** Not recorded as ordered by the Chair.

4722-3/13-305-ਪੰ:ਸ:ਪ੍ਰੈਸ, ਪਟਿਆਲਾ ।

Published under the authority of the **Punjab Vidhan Sabha** and Printed by the Controller, Printing and Stationery, Punjab, at Pb. Govt. Press, Patiala.